Washington State
Department of Social
& Health Services
Transforming lives

# ਭਾਈਚਾਰੇ ਦੀ ਸ਼ਮੂਲੀਅਤ

## ਅਕਸਰ ਪੁੱਛੇ ਜਾਣ ਵਾਲੇ ਸੁਆਲ

### ਭਾਈਚਾਰੇ ਦੀ ਸ਼ਮੂਲੀਅਤ ਵਾਲੀਆਂ ਸੇਵਾਵਾਂ ਕੀ ਹਨ?

ਭਾਈਚਾਰੇ ਦੀ ਸ਼ਮੂਲੀਅਤ ਵਾਲੀਆਂ ਸੇਵਾਵਾਂ, ਹੋਰ ਅਸਮਰੱਥ (ਅਪਾਹਜ) ਲੋਕਾਂ ਨਾਲ ਸੰਗਠਿਤ ਭਾਈਚਾਰੇ ਦੀ ਸੈਟਿੰਗ ਵਿੱਚ ਮੁਹੱਈਆ ਕਰਾਈਆਂ ਜਾਣ ਵਾਲੀਆਂ ਨਿਜੀ ਸੇਵਾਵਾਂ ਹਨ। ਇਹ ਸਰਗਰਮੀਆਂ ਕਲਾਇੰਟ ਦੀਆਂ ਦਿਲਚਸਪੀਆਂ ਨੂੰ ਧਿਆਨ ਵਿੱਚ ਰੱਖਕੇ ਤਿਆਰ ਕੀਤੀਆਂ ਗਈਆਂ ਹਨ ਅਤੇ ਸਰਕਾਰੀ ਟ੍ਰਾਂਸਪੋਰਟੇਸ਼ਨ ਜਾਂ ਉਹਨਾਂ ਦੇ ਘਰ ਤੋਂ ਢੁਕਵੇਂ ਸਫ਼ਰ ਰਾਹੀਂ ਉਹਨਾਂ ਦੇ ਸਥਾਨਕ ਭਾਈਚਾਰੇ ਵਿੱਚ ਆਮ ਤੌਰ 'ਤੇ ਉਸੀ ਉਮਰ ਦੇ ਆਮ ਲੋਕਾਂ ਵਲੋਂ ਅਨੁਭਵ ਕੀਤੇ ਜਾਣ ਵਾਲੇ ਮੌਕੇ ਮਿਲਦੇ ਹਨ। ਇਸ ਸੇਵਾ ਦਾ ਉਦੇਸ਼ ਭਾਈਚਾਰੇ ਦੇ ਮੈਂਬਰਾਂ, ਜੋ ਕਿ ਬਿਨਾ ਭੁਗਤਾਨ ਵਾਲਾ ਸਟਾਫ਼ ਹੈ, ਨਾਲ ਹਿੱਸਾ ਲੈਣ, ਯੋਗਦਾਨ ਪਾਉਣ ਅਤੇ ਉਹਨਾਂ ਨਾਲ ਰਿਸ਼ਤਾ ਉਸਾਰਣ ਵਿੱਚ ਕਲਾਇੰਟਾਂ ਦੀ ਮਦਦ ਕਰਨਾ ਹੈ।

### ਭਾਈਚਾਰੇ ਦੀ ਸ਼ਮੂਲੀਅਤ ਵਾਲੀਆਂ ਸੇਵਾਵਾਂ ਲਈ ਕੌਣ ਹੱਕਦਾਰ ਹੈ?

ਭਾਈਚਾਰੇ ਦੀ ਸ਼ਮੂਲੀਅਤ, ਉਹਨਾਂ ਕਲਾਇੰਟਾਂ ਲਈ ਉਪਲਬਧ ਹੈ, ਜਿਹਨਾਂ ਨੇ ਨੌ ਮਹੀਨੇ ਦੀਆਂ ਰੋਜ਼ਗਾਰ ਸੇਵਾਵਾਂ ਵਿੱਚ ਹਿੱਸਾ ਲਿਆ ਹੈ ਅਤੇ ਭਾਈਚਾਰੇ ਤੋਂ ਅਲਾਵਾ ਜਾਂ ਰੋਜ਼ਗਾਰ ਦੀ ਥਾਂ ਭਾਈਚਾਰੇ ਦੀ ਸ਼ਮੂਲੀਅਤ ਨੂੰ ਚੁਣਿਆ ਹੈ। ਭਾਈਚਾਰੇ ਦੀ ਸ਼ਮੂਲੀਅਤ 62 ਸਾਲ ਜਾਂ ਵੱਧ ਉਮਰ ਦੇ ਉਹਨਾਂ ਲੋਕਾਂ ਲਈ ਵੀ ਉਪਲਬਧ ਹੈ, ਜਿਹਨਾਂ ਨੇ ਨੌ ਮਹੀਨੇ ਦੀਆਂ ਰੋਜ਼ਗਾਰ ਸੇਵਾਵਾਂ ਵਿੱਚ ਹਿੱਸਾ ਨਹੀਂ ਲਿਆ। ਇਹ ਸੇਵਾ ਬੇਸਿਕ ਪਲੱਸ (Basic Plus) ਅਤੇ ਕੋਰ ਵੇਵਰਸ (Core waivers) ਵਾਲੇ ਕਲਾਇੰਟਾਂ; ਰੋਡਸ ਟੂ ਕਮਿਉਨਿਟੀ ਲਿਵਿੰਗ (Roads to Community Living) ਪ੍ਰਾਪਤ ਕਰ ਰਹੇ ਕਲਾਇੰਟਾਂ, ਮੁਹਾਰਤ ਵਾਲੀਆਂ ਨਰਸਿੰਗ ਸਹੂਲਤਾਂ ਅਤੇ ਦਾਖ਼ਲੇ ਤੋਂ ਪਹਿਲਾਂ ਸਕ੍ਰੀਨਿੰਗ ਅਤੇ ਰਿਹਾਇਸ਼ੀ ਜਾਇਜ਼ੇ ਵਾਲੇ ਕਲਾਇੰਟਾਂ ਅਤੇ ਰਿਹਾਇਸ਼ੀ ਯੋਗਤਾ ਸਬੰਧੀ ਸੈਂਟਰਾਂ (Residential Habilitation Centers) ਵਾਲੇ ਕਲਾਇਟਾਂ ਲਈ ਉਪਲਬਧ ਹੈ। ਜੇ ਤੁਸੀਂ 9 ਮਹੀਨੇ ਦੀਆਂ ਰੋਜ਼ਗਾਰ ਸੇਵਾਵਾਂ ਵਿੱਚ ਹਿੱਸਾ ਨਹੀਂ ਲਿਆ ਅਤੇ ਹਿੱਸਾ ਨਹੀਂ ਲੈਣਾ ਚਾਹੁੰਦੇ, ਤਾਂ ਆਪਣੇ ਕੇਸ ਮੈਨੇਜਰ ਰਾਹੀਂ ਨੇਮ ਵਿੱਚ ਛੋਟ ਲਈ ਬੇਨਤੀ ਕੀਤੀ ਜਾ ਸਕਦੀ ਹੈ। WAC 388-845-0603 ਭਾਈਚਾਰੇ ਦੀ ਸ਼ਮੂਲੀਅਤ ਵਾਲੀਆਂ ਸੇਵਾਵਾਂ ਲੈਣ ਲਈ ਕੌਣ ਹੱਕਦਾਰ ਹੈ?

### ਕੀ ਮੈਂ ਇੱਕੋ ਸਮੇਂ 'ਤੇ ਭਾਈਚਾਰੇ ਦੀ ਸ਼ਮੂਲੀਅਤ ਅਤੇ ਰੋਜ਼ਗਾਰ ਸੇਵਾਵਾਂ ਲੈ ਸਕਦਾ ਹਾਂ?

ਹਾਂ, ਨੌ ਮਹੀਨੇ ਦੀਆਂ ਰੋਜ਼ਗਾਰ ਸੇਵਾਵਾਂ ਵਿੱਚ ਹਿੱਸਾ ਲੈਣ ਤੋਂ ਬਾਅਦ ਕਲਾਇੰਟ 1 ਜਨਵਰੀ, 2023 ਤੋਂ ਸ਼ੁਰੂ ਹੋਈਆਂ ਇਹ ਸੇਵਾਵਾਂ ਨਾਲੋਂ ਨਾਲ ਲੈ ਸਕਦੇ ਹਨ।



### ਭਾਈਚਾਰੇ ਦੀ ਸ਼ਮੂਲੀਅਤ ਵਿੱਚ ਮੈਨੂੰ ਕਿੰਨੇ ਘੰਟਿਆਂ ਦੀ ਮਦਦ ਮਿਲੇਗੀ?

ਤੁਹਾਡੀ ਮਹੀਨੇਵਾਰ ਭਾਈਚਾਰੇ ਦੀ ਸ਼ਮੂਲੀਅਤ ਵਾਲੀ ਸੇਵਾ ਦੇ ਸਮਿਆਂ (ਘੰਟਿਆਂ) ਨੂੰ ਤੈਅ ਕਰਨਾ, ਵਿਕਾਸ ਸਬੰਧੀ ਅਸਮਰੱਥਾ ਬਾਰੇ ਪ੍ਰਸ਼ਾਸਨ (DDA) ਤੋਂ ਤੁਹਾਡੇ ਕੇਸ ਮੈਨੇਜਰ ਵਲੋਂ ਭਰੇ ਗਏ ਤੁਹਾਡੇ ਸਲਾਨਾ ਮੁਲਾਂਕਣ ਰਾਹੀਂ ਕੀਤਾ ਜਾਂਦਾ ਹੈ। ਮਹੀਨੇਵਾਰ ਸੇਵਾ ਦੀ ਰੇਂਜ ਤਿੰਨ ਤੋਂ 20 ਘੰਟਿਆਂ ਦੀ ਹੈ। WAC 388-828-9310 DDA ਭਾਈਚਾਰੇ ਦੀ ਸ਼ਮੂਲੀਅਤ ਵਾਲੀਆਂ ਸੇਵਾਵਾਂ ਨਾਲ ਜੁੜੇ ਸਮੇਂ ਦੀ ਮਾਤਰਾ, ਜੋ ਤੁਹਾਨੂੰ ਹਰ ਮਹੀਨੇ ਮਿਲ ਸਕਦੀ ਹੈ, ਦਾ ਫ਼ੈਸਲਾ ਕਿਵੇਂ ਕਰਦੀ ਹੈ,?

### ਮੈਂ ਆਪਣੀ ਭਾਈਚਾਰੇ ਦੀ ਸ਼ਮੂਲੀਅਤ ਵਾਲੀਆਂ ਸੇਵਾਵਾਂ ਤੋਂ ਕੀ ਉਮੀਦ ਕਰ ਸਕਦਾ ਹਾਂ?

ਭਾਈਚਾਰਕ ਸ਼ਮੂਲੀਅਤ ਬਾਰੇ ਤੁਹਾਡਾ ਪ੍ਰੋਵਾਈਡਰ ਤੁਹਾਡੇ ਨਾਲ ਮੁਲਾਕਾਤ ਕਰੇਗਾ ਅਤੇ ਵਿਅਕਤੀ ਨੂੰ ਧਿਆਨ ਵਿੱਚ ਰੱਖਕੇ ਬਣਾਈ ਜਾਂਦੀ ਵਿਓਂਤਬੰਦੀ ਦੇ ਅਮਲ ਰਾਹੀਂ ਤੁਹਾਡੇ ਸਥਾਨਕ ਭਾਈਚਾਰੇ ਵਿੱਚ ਤੁਹਾਡੀਆਂ ਦਿਲਚਸਪੀਆਂ ਨਾਲ ਮੇਲ ਖਾਂਦੇ ਮੌਕਿਆਂ ਤੱਕ ਪਹੁੰਚ ਕਰਨ ਲਈ ਰਣਨੀਤੀਆਂ ਵਾਲਾ ਭਾਈਚਾਰਕ ਸ਼ਮੂਲੀਅਤ ਪਲਾਨ ਤਿਆਰ ਕਰਨ ਲਈ ਤੁਹਾਡੀਆਂ ਨਿਜੀ ਦਿਲਚਸਪੀਆਂ ਦੀ ਪਛਾਣ ਕਰੇਗਾ। ਸਰਗਰਮੀਆਂ ਸੰਗਠਿਤ ਕੀਤੀਆਂ ਜਾਣਗੀਆਂ ਅਤੇ ਭਾਈਚਾਰੇ ਦੇ ਮੈਂਬਰਾਂ, ਜੋ ਕਿ ਬਿਨਾ ਭੁਗਤਾਨ ਵਾਲਾ ਸਟਾਫ਼ ਹੈ, ਵਿਚਲੇ ਲੋਕਾਂ ਨਾਲ ਯੋਗਦਾਨ ਪਾਉਣ ਅਤੇ ਰਿਸ਼ਤਾ ਉਸਾਰਣ ਦੇ ਮੌਕੇ ਉਪਲਬਧ ਕਰਾਉਣਗੀਆਂ।

Washington State
Department of Social
& Health Services
Transforming lives

## ਕੀ ਭਾਈਚਾਰੇ ਵਿੱਚ, ਮੇਰੇ ਨਾਲ ਹਮੇਸ਼ਾ ਸਟਾਫ਼ ਦਾ ਇੱਕ ਮੈਂਬਰ ਰਹੇਗਾ?

ਭਾਈਚਾਰੇ ਦੀਆਂ ਸਰਗਰਮੀਆਂ ਵਿੱਚ ਸੁਰੱਖਿਅਤ ਢੰਗ ਨਾਲ ਹਿੱਸਾ ਲੈਣ ਲਈ ਤੁਹਾਨੂੰ ਹਮੇਸ਼ਾ ਢੁਕਵੀਂ ਮਦਦ ਮਿਲੇਗੀ; ਪਰ ਤੁਹਾਡਾ ਭਾਈਚਾਰਕ ਸ਼ਮੂਲੀਅਤ ਸਟਾਫ਼ ਹਮੇਸ਼ਾ ਉਪਲਬਧ ਨਹੀਂ ਹੋ ਸਕਦਾ। ਸੇਵਾ ਦਾ ਇੱਕ ਮਾੱਡਲ ਨਤੀਜਾ ਇਹ ਹੈ ਕਿ ਇੱਕੋ ਜਿਹੀਆਂ ਦਿਲਚਸਪੀਆਂ ਵਾਲ਼ੇ ਭਾਈਚਾਰੇ ਦੇ ਹੋਰਨਾਂ ਮੈਂਬਰਾਂ ਨਾਲ ਹਿੱਸਾ ਲੈਣ, ਯੋਗਦਾਨ ਪਾਉਣ ਅਤੇ ਰਿਸ਼ਤੇ ਉਸਾਰਣ ਲਈ ਤੁਹਾਡੀ ਮਦਦ ਕੀਤੀ ਜਾਂਦੀ ਹੈ, ਜੋ ਸਰਗਰਮੀ ਵਿੱਚ ਤੁਹਾਡੀ ਮਦਦ ਕਰਨਗੇ, ਤਾਂਜੋ ਭਾਈਚਾਰਕ ਸ਼ਮੂਲੀਅਤ ਸਟਾਫ਼, ਉਸ ਸਰਗਰਮੀ ਤੋਂ ਪਿਛਾਂਹ ਹੋ ਸਕੇ ਅਤੇ ਦਿਲਚਸਪੀ ਦੀਆਂ ਭਾਈਚਾਰਕ ਸਰਗਰਮੀਆਂ ਵਿੱਚ ਹਿੱਸਾ ਲੈਣ ਲਈ ਤੁਹਾਡੇ ਵਾਸਤੇ ਵਾਧੂ ਮੌਕਿਆਂ ਦੀ ਤਲਾਸ਼ ਕਰ ਸਕੇ।

## ਕੀ ਹੁੰਦਾ ਹੈ, ਜੇ ਮੈਨੂੰ ਨਹੀਂ ਪਤਾ ਕਿ ਮੈਂ ਭਾਈਚਾਰੇ ਵਿੱਚ ਕੀ ਕਰਨਾ ਚਾਹੁੰਦਾ ਹਾਂ?

ਭਾਈਚਾਰਕ ਸ਼ਮੂਲੀਅਤ ਬਾਰੇ ਤੁਹਾਡੇ ਪ੍ਰੋਵਾਈਡਰ ਨੂੰ ਲੱਭਣ ਦੇ ਇੱਕ ਅਮਲ ਰਾਹੀਂ ਦਿਲਚਸਪੀ ਦੇ ਖੇਤਰਾਂ ਦੀ ਪਛਾਣ ਕਰਨ ਵਿੱਚ ਤੁਹਾਡੀ ਮਦਦ ਕਰਨ ਵਾਸਤੇ ਸਿਖਲਾਈ ਦਿੱਤੀ ਗਈ ਹੈ, ਤਾਂਜੋ ਤੁਸੀਂ ਸਭ ਤੋਂ ਵੱਧ ਕਿਸ ਚੀਜ਼ ਨਾਲ ਅਨੰਦ ਮਾਣਦੇ ਹੋ ਜਾਂ ਦਿਲਚਸਪੀ ਦਰਸਾਉਂਦੇ ਹੋ, ਵੇਖਣ ਲਈ ਤੁਹਾਨੂੰ ਭਾਈਚਾਰੇ ਵਿੱਚ ਕਈ ਮੌਕੇ ਦਿੱਤੇ ਜਾਂਦੇ ਹਨ। ਇਸ ਦੇ ਨਾਲ ਹੀ, ਉਹ ਤੁਹਾਨੂੰ ਸਭ ਤੋਂ ਵਧੀਆ ਢੰਗ ਨਾਲ ਜਾਣਨ ਵਾਲ਼ੇ ਲੋਕਾਂ ਤੋਂ ਜਾਣਕਾਰੀ ਲੈਣਗੇ।

## ਭਾਈਚਾਰਕ ਸ਼ਮੂਲੀਅਤ ਵਾਲ਼ੀਆਂ ਸੇਵਾਵਾਂ ਦੇ ਹਿੱਸੇ ਵਜੋਂ, ਹਿੱਸਾ ਲੈਣ ਲਈ ਕਿਹੜੀਆਂ ਸਰਗਰਮੀਆਂ ਉਪਲਬਧ ਹਨ?

ਜੇ ਤੁਸੀਂ ਸਾਰੀਆਂ ਦੀਆਂ ਸਾਰੀਆਂ ਚਾਰ ਅਸਾਨ ਕਸੌਟੀਆਂ ਪੂਰੀਆਂ ਕਰਦੇ ਹੋ, ਤਾਂ ਤੁਹਾਡੀਆਂ ਦਿਲਚਸਪੀਆਂ (ਜਿਵੇਂ, ਕਲੱਬ ਦੀ ਮੈਂਬਰਸ਼ਿਪ, ਵਾੱਲੰਟੀਅਰਿੰਗ ਆਦਿ) ਨੂੰ ਵੇਖਦਿਆਂ, ਭਾਈਚਾਰਕ ਸਰਗਰਮੀਆਂ ਅਲੱਗ ਹੁੰਦੀਆਂ ਹਨ:

1. ਤੁਹਾਡੀਆਂ ਦਿਲਚਸਪੀਆਂ ਨੂੰ ਧਿਆਨ ਵਿੱਚ ਰੱਖਕੇ ਬਣਾਈਆਂ ਜਾਂਦੀਆਂ ਨਿਜੀ ਸਰਗਰਮੀਆਂ
2. ਭਾਈਚਾਰੇ ਵਿੱਚ ਅਸਮਰੱਥ (ਅਪੰਗ) ਲੋਕਾਂ ਤੋਂ ਬਿਨਾ ਹੋਰਨਾਂ ਲੋਕਾਂ ਨਾਲ ਜੁੜਣਾ
3. ਸਰਕਾਰੀ ਟ੍ਰਾਂਸਪੋਰਟੇਸ਼ਨ ਜਾਂ ਤੁਹਾਡੇ ਘਰ ਤੋਂ ਢੁਕਵੇਂ ਸਫ਼ਰ ਰਾਹੀਂ ਪਹੁੰਚਿਆ ਜਾ ਸਕਦਾ ਹੈ, ਲਈ ਅਜਿਹੀਆਂ ਸਰਗਰਮੀਆਂ, ਜਿਹਨਾਂ ਦਾ ਸਾਹਮਣਾ ਆਮ ਤੌਰ 'ਤੇ ਤੁਹਾਡੇ ਸਥਾਨਕ ਭਾਈਚਾਰੇ ਵਿੱਚ ਉਸੀ ਉਮਰ ਦੇ ਆਮ ਲੋਕਾਂ ਨੂੰ ਕਰਨਾ ਪੈਂਦਾ ਹੈ।
4. ਭਾਈਚਾਰੇ ਦੇ ਮੈਂਬਰ, ਜੋ ਬਿਨਾ ਭੁਗਤਾਨ ਵਾਲ਼ਾ ਸਟਾਫ਼ ਹੈ, ਨਾਲ ਯੋਗਦਾਨ ਪਾਉਣ ਅਤੇ ਰਿਸ਼ਤਾ ਉਸਾਰਣ ਦੀ ਸਮਰੱਥਾ।

## ਭਾਈਚਾਰਕ ਸ਼ਮੂਲੀਅਤ ਵਾਲ਼ੀਆਂ ਸੇਵਾਵਾਂ ਦੇ ਹਿੱਸੇ ਵਜੋਂ, ਹਿੱਸਾ ਲੈਣ ਲਈ ਕਿਹੜੀਆਂ ਸਰਗਰਮੀਆਂ ਉਪਲਬਧ ਨਹੀਂ ਹਨ?

ਕੁਝ ਭਾਈਚਾਰਕ ਸਰਗਰਮੀਆਂ ਵਿੱਚ, ਤੁਹਾਡੀ ਮਦਦ ਕਰਨ ਲਈ ਭਾਈਚਾਰਕ ਸ਼ਮੂਲੀਅਤ ਵਾਲ਼ੀਆਂ ਸੇਵਾਵਾਂ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ। ਇਹਨਾਂ ਸਰਗਰਮੀਆਂ ਵਿਚ ਸ਼ਾਮਿਲ ਹੁੰਦੇ ਹਨ: ਸਿਰਫ਼ ਅਸਮਰੱਥ (ਅਪਾਹਜ) ਕਲਾਇੰਟਾਂ ਲਈ ਸਪੈਸ਼ਲਾਈਜ਼ਡ ਅਤੇ/ਜਾਂ ਵੱਖ-ਵੱਖ ਸਰਗਰਮੀਆਂ, ਜਿਹੜੀਆਂ ਸਰਗਰਮੀਆਂ, ਜੋ ਉਹਨਾਂ ਮੈਂਬਰਾਂ, ਜੋ ਕਿ ਬਿਨਾ ਭੁਗਤਾਨ ਵਾਲ਼ਾ ਸਟਾਫ਼ ਹੈ, ਨਾਲ ਯੋਗਦਾਨ ਪਾਉਣ ਜਾਂ ਰਿਸ਼ਤੇ ਉਸਾਰਣ ਦਾ ਮੌਕਾ ਨਹੀਂ ਦਿੰਦੀਆਂ, ਜਾਂ ਉਹ ਸਰਗਰਮੀਆਂ, ਜੋ ਤੁਹਾਡੇ ਸਥਾਨਕ ਭਾਈਚਾਰੇ ਵਿੱਚ ਨਹੀਂ ਹੁੰਦੀਆਂ।

## ਕੀ ਭਾਈਚਾਰਕ ਸ਼ਮੂਲੀਅਤ ਵਾਲ਼ੀਆਂ ਸੇਵਾਵਾਂ, ਇੱਕੋ ਸਮੇਂ 'ਤੇ ਇੱਕ ਵਿਅਕਤੀ ਨਾਲੋਂ ਵੱਧ ਲੋਕਾਂ ਨੂੰ ਦਿੱਤੀਆਂ ਜਾ ਸਕਦੀਆਂ ਹਨ?

ਹਾਲਾਂਕਿ ਭਾਈਚਾਰਕ ਸ਼ਮੂਲੀਅਤ ਇੱਕ ਨਿਜੀ ਸੇਵਾ ਹੈ, ਇਹ ਇੱਕੋ ਸਮੇਂ ਦੋ ਜਾਂ ਤਿੰਨ ਕਲਾਇਟਾਂ ਨੂੰ ਮੁਹੱਈਆ ਕਰਾਈ ਜਾ ਸਕਦੀ ਹੈ; ਜੇ ਇਸ ਸਰਗਰਮੀ ਵਿੱਚ ਹਿੱਸਾ ਲੈਣ ਵਾਲ਼ੇ ਸਾਰੇ ਲੋਕਾਂ ਦੀ ਸਾਂਝੀ ਦਿਲਚਸਪੀ ਹੈ ਅਤੇ ਸੰਗਠਿਤ ਸੈਟਿੰਗ, ਸਥਾਨਕ ਭਾਈਚਾਰੇ ਦੀਆਂ ਸੇਧਾਂ 'ਤੇ ਪੂਰੀ ਉਤਰਦੀ ਹੈ ਅਤੇ ਭਾਈਚਾਰੇ ਦੇ ਅਸਮਰੱਥਾ (ਅਪੰਗਤਾ) ਤੋਂ ਬਿਨਾ ਹੋਰਨਾਂ ਲੋਕਾਂ, ਜੋ ਕਿ ਬਿਨਾ ਭੁਗਤਾਨ ਵਾਲ਼ਾ ਸਟਾਫ਼ ਹੈ, ਨਾਲ ਯੋਗਦਾਨ ਪਾਉਣ ਅਤੇ ਰਿਸ਼ਤਾ ਉਸਾਰਣ ਦੀ ਸਮਰੱਥਾ ਹੁੰਦੀ ਹੈ।

## ਮੇਰੇ ਭਾਈਚਾਰੇ ਤੱਕ ਪਹੁੰਚਣ ਵਿੱਚ ਮੇਰੀ ਮਦਦ ਕਰਨ ਲਈ ਹੋਰ ਕਿਹੜੀਆਂ ਸੇਵਾਵਾਂ ਉਪਲਬਧ ਹਨ?

ਭਾਈਚਾਰਕ ਵਾਅਦਾ ਇੱਕ ਸੇਵਾ ਹੈ, ਜੋ ਆਪਣੇ ਭਾਈਚਾਰਿਆਂ ਤੱਕ ਪਹੁੰਚ ਕਰਨ ਲਈ ਕਲਾਇੰਟਾਂ ਦੀ ਮਦਦ ਕਰਦੀ ਹੈ ਅਤੇ ਨਿਜੀ ਅਤੇ ਪਰਿਵਾਰਕ ਸੇਵਾਵਾਂ (Individual and Family Services), ਬੇਸਿਕ ਪਲੱਸ ਅਤੇ ਕੋਰ ਵੇਵਰਸ ਜਾਂ ਮੁਹਾਰਤ ਵਾਲ਼ੀਆਂ ਨਰਸਿੰਗ ਸਹੂਲਤਾਂ ਅਤੇ ਦਾਖ਼ਲੇ ਤੋਂ ਪਹਿਲਾਂ ਸਕ੍ਰੀਨਿੰਗ ਅਤੇ ਰਿਹਾਇਸ਼ੀ ਜਾਇਜ਼ੇ ਵਾਲ਼ੇ ਕਲਾਇੰਟਾਂ ਜਾਂ ਰੋਡਸ ਟੂ ਕਮਿਉਨਿਟੀ ਲਿਵਿੰਗ ਵਾਲ਼ੇ ਕਲਾਇੰਟਾਂ ਲਈ ਉਪਲਬਧ ਹੈ। ਇਹ ਸੇਵਾ ਨਿਜੀ ਪ੍ਰੋਵਾਈਡਰਾਂ ਅਤੇ/ਜਾਂ ਵਿਕਾਸ ਸਬੰਧੀ ਅਸਮਰੱਥਾ ਬਾਰੇ ਪ੍ਰਸ਼ਾਸਨ ਨਾਲ ਸਿੱਧੇ ਇਕਰਾਰਨਾਮਿਆਂ ਵਾਲ਼ੀਆਂ ਏਜੰਸੀਆਂ ਵਲੋਂ ਮੁਹੱਈਆ ਕਰਾਈ ਜਾਂਦੀ ਹੈ। ਭਾਈਚਾਰੇ ਵਿੱਚ ਫ਼ੁਰਸਤ ਵਾਲ਼ਾ ਸਮਾਂ ਗੁਜ਼ਾਰਣ ਦਾ ਮੌਕਾ ਵੀ ਦਿੱਤਾ ਜਾ ਸਕਦਾ ਹੈ। ਇਹ ਨਿਜੀ ਅਤੇ ਪਰਿਵਾਰਕ ਸੇਵਾਵਾਂ, ਬੇਸਿਕ ਪਲੱਸ ਅਤੇ ਕੋਰ ਵੇਵਰਸ ਵਾਲ਼ੇ ਕਲਾਇਟਾਂ ਨੂੰ ਵੀ ਉਪਲਬਧ ਹੋ ਸਕਦੀ ਹੈ। ਇਹ ਨਿਜੀ ਪ੍ਰੋਵਾਈਡਰਾਂ ਅਤੇ/ਜਾਂ DSHS ਦੀ ਵਿਕਾਸ ਸਬੰਧੀ ਅਸਮਰੱਥਾ ਬਾਰੇ ਪ੍ਰਸ਼ਾਸਨ ਨਾਲ ਸਿੱਧੇ ਇਕਰਾਰਨਾਮਿਆਂ ਵਾਲ਼ੀਆਂ ਏਜੰਸੀਆਂ ਵਲੋਂ ਮੁਹੱਈਆ ਕਰਾਈ ਜਾਂਦੀ ਹੈ।